BRAMPTON Flower City
brampton.ca

media release

30 ਅਪ੍ਰੈਲ, 2018

# ਨਿਵੇਸ਼ ਬ੍ਰੈਂਪਟਨ ਦੇ ਆਰਥਿਕ ਵਾਧੇ ਨੂੰ ਯਕੀਨੀ ਬਣਾਉਂਦਾ ਹੈ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਨੂੰ 2017 ਵਿੱਚ ਨਵੀਂ ਉਸਾਰੀ ਅਤੇ ਵਿਸਤਾਰਾਂ, ਦੋਵਾਂ ਵਿੱਚ ਉਸਾਰੀ ਸਬੰਧੀ ਗਤੀਵਿਧੀ ਵਿੱਚ $1.4 ਬਿਲੀਅਨ ਤੋਂ ਵੱਧ ਦਾ ਫ਼ਾਇਦਾ ਹੋਇਆ ਹੈ। ਸ਼ਹਿਰ ਵਿੱਚ ਵਿਕਾਸ ਸਬੰਧੀ ਗਤੀਵਿਧੀ, ਅਤੇ ਗਤੀ ਵਧਾਉਣ ਵਾਲੀਆਂ ਹੋਰ ਪਹਿਲਕਦਮੀਆਂ ਦੇ ਨਤੀਜੇ ਵਜੋਂ, ਬ੍ਰੈਂਪਟਨ ਵਿੱਚ ਵੱਧ ਨੌਕਰੀਆਂ ਪੈਦਾ ਹੋਈਆਂ ਹਨ ਅਤੇ ਵੱਧ ਨਿਵੇਸ਼ ਹੋਇਆ ਹੈ।

ਇਸ ਹਫ਼ਤੇ, ਸਿਟੀ ਆਫ ਬ੍ਰੈਂਪਟਨ (City of Brampton) ਬ੍ਰੈਂਪਟਨ ਇਕੋਨੋਮਿਕ ਡੈਵਲੈਪਮੈਂਟ ਅਤੇ ਕਲਚਰ ਰਿਵਿਊ 2017 (Brampton Economic Development and Culture Review 2017) ਰਿਲੀਜ਼ ਕਰ ਰਹੀ ਹੈ। ਪ੍ਰਿੰਟ ਵਿੱਚ ਅਤੇ online (ਔਨਲਾਈਨ) ਉਪਲਬਧ, ਇਸ ਦਸਤਾਵੇਜ਼ ਵਿੱਚ 2017 ਦੀਆਂ ਸਫਲਤਾਵਾਂ ਅਤੇ 2018 ਵਿੱਚ ਅਤੇ ਇਸਤੋਂ ਅੱਗੇ ਵਾਧੇ ਦੀ ਨਿਰੰਤਰ ਸਥਿਤੀ ਬਾਰੇ ਮੁੱਖ ਤੱਥ ਦਿੱਤੇ ਗਏ ਹਨ। ਇਸ ਵਿੱਚ ਖ਼ਾਸ ਵਿਕਾਸ ਪ੍ਰੋਜੈਕਟਾਂ ਤੋਂ ਲੈ ਕੇ ਕਾਰੋਬਾਰੀ ਦੁਨੀਆ ਵਿੱਚ ਖ਼ਾਸ ਅੰਤਰ ਪੈਦਾ ਕਰਨ ਵਾਲੇ ਸਥਾਨਕ ਉੱਦਮੀਆਂ ਦੀਆਂ ਪ੍ਰੋਫਾਈਲਾਂ ਤੱਕ, ਸਿਟੀ ਦੇ ਮੁੱਖ ਆਰਥਿਕ ਖੇਤਰਾਂ ਵਿੱਚ ਸੱਭਿਆਚਾਰ ਸਬੰਧੀ ਮਹੱਤਵਪੂਰਨ ਗੱਲਾਂ ਅਤੇ ਗਤੀਵਿਧੀ ਦਿੱਤੀ ਗਈ ਹੈ।

"ਪਿਛਲੇ ਸਾਲ ਮਜ਼ਬੂਤ ਭਾਈਵਾਲੀਆਂ ਬਣਦੇ ਹੋਏ ਅਤੇ ਮੁੱਖ ਪਹਿਲਕਦਮੀਆਂ ਨੂੰ ਅੱਗੇ ਵਧਦੇ ਦੇਖਿਆ ਗਿਆ," ਬ੍ਰੈਂਪਟਨ ਦੀ ਮੇਅਰ ਲਿੰਡਾ ਜੈਫਰੀ (Linda Jeffrey) ਨੇ ਕਿਹਾ। ਉਹਨਾਂ ਨੇ ਅੱਗੇ ਕਿਹਾ, ਬ੍ਰੈਂਪਟਨ ਦੇ ਕਾਰੋਬਾਰੀਆਂ ਦੀ ਸੰਖਿਆ ਵਿੱਚ ਲਗਭਗ ਛੇ ਪ੍ਰਤੀਸ਼ਤ ਦਾ ਵਾਧਾ ਹੋਇਆ ਹੈ – ਜੋ ਕਿ ਸਾਡੇ ਜੀ.ਟੀ.ਏ. (GTA) (ਗ੍ਰੇਟਰ ਟੋਰੋਂਟੋ ਏਰੀਆ) ਗਵਾਂਢੀਆਂ ਵਿੱਚੋਂ ਕਈ ਤੋਂ ਵੱਧ ਹੈ। ਸਾਡੀ ਅਬਾਦੀ ਵਿੱਚ ਵਾਧਾ, ਨੌਜਵਾਨ, ਜੀਵਨ ਕੁਆਲਿਟੀ ਅਤੇ ਵੰਨ-ਸੁਵੰਨਤਾ ਲਗਾਤਾਰ ਕਾਰੋਬਾਰੀਆਂ ਵੱਲੋਂ ਨਿਵੇਸ਼ ਕਰਨ ਅਤੇ ਪਰਿਵਾਰਾਂ ਦੇ ਵਿਕਾਸ ਕਰਨ ਲਈ ਬ੍ਰੈਂਪਟਨ ਨੂੰ ਇੱਕ ਬਹੁਤ ਵਧੀਆ ਥਾਂ ਬਣਾਉਂਦੇ ਹਨ।"

"ਬ੍ਰੈਂਪਟਨ ਪਰਿਵਰਤਨ ਲਈ ਤਿਆਰ ਹੈ, " ਕਾਉਂਸਲਰ ਅਤੇ ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ ਦੇ ਮੁਖੀ ਜੈਫ ਬੋਮੈਨ (Jeff Bowman) ਨੇ ਕਿਹਾ। ਉਹਨਾਂ ਨੇ ਅੱਗੇ ਕਿਹਾ, "ਇੱਕ ਇਕੋਨੋਮਿਕ ਡੈਵਲੈਪਮੈਂਟ ਮਾਸਟਰ ਪਲਾਨ (Economic Development Master Plan) ਅਤੇ ਇੱਕ ਕਲਚਰ ਮਾਸਟਰ ਪਲਾਨ (Culture Master Plan) ਇਸ ਵੇਲੇ ਵਿਕਾਸ ਦੇ ਅਧੀਨ ਹਨ, ਅਤੇ ਇੱਕ ਨਵਾਂ ਬ੍ਰੈਂਪਟਨ 2040 ਦ੍ਰਿਸ਼ਟੀਕੋਣ (Brampton 2040 Vision) – ਸਾਰੇ ਮਹੱਤਵਪੂਰਨ ਪ੍ਰੋਜੈਕਟ ਇੱਕ ਅਜਿਹੇ ਬ੍ਰੈਂਪਟਨ ਦਾ ਨਿਰਮਾਣ ਕਰਨ ਲਈ, ਜੋ ਨਿਵੇਸ਼ ਅਤੇ ਨਵੀਨਤਾ ਦਾ ਕੇਂਦਰ ਹੋਵੇ, ਸੱਭਿਆਚਾਰਕ ਜੋਸ਼ੀਲੇਪਨ ਦੇ ਵਿਕਾਸ ਅਤੇ ਆਰਥਿਕ ਵਾਧੇ ਨੂੰ ਸਹਿਯੋਗ ਕਰਦੇ ਹਨ।"

ਇਹ ਮਾਸਟਰ ਪਲਾਨ ਸਿਟੀ, ਕਾਰੋਬਾਰੀ ਭਾਈਚਾਰੇ, ਕਲਾ ਅਤੇ ਸੱਭਿਆਚਾਰ ਭਾਈਚਾਰੇ ਦੇ ਅੰਦਰ ਅਤੇ ਇਸਦੇ ਪੋਸਟ-ਸੈਕੰਡਰੀ ਸੰਸਥਾਨਾਂ ਦੇ ਨਾਲ ਆਰਥਿਕ ਵਾਧੇ ਅਤੇ ਭਵਿੱਖੀ ਸਹਿਯੋਗ ਦੀ ਹਿਮਾਇਤ ਲਈ ਸਪਸ਼ਟ ਦਿਸ਼ਾ ਅਤੇ ਕਾਰਜ ਦਰਸਾਉਣ ਦੇ ਕਾਰਜਨੀਤੀ ਸਬੰਧੀ ਦਿਸ਼ਾ ਨਿਰਦੇਸ਼ਾਂ ਵਾਂਗ ਹਨ।

2017 ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਕੈਨੇਡਾ (Canada) ਦੇ ਮੁੱਖ ਪੋਸਟ-ਸੈਕੰਡਰੀ ਸੰਸਥਾਨਾਂ, ਰਾਇਰਸਨ ਯੂਨੀਵਰਸਿਟੀ (Ryerson University) ਅਤੇ ਸ਼ੈਰੀਡਨ ਕਾਲੇਜ (Sheridan College) ਦੇ ਨਾਲ ਇੱਕ ਨਵੀਂ STEM-ਕੇਂਦਰਿਤ ਯੂਨੀਵਰਸਿਟੀ ਅਤੇ ਇੱਕ ਨਵੀਨਤਾਕਾਰੀ ਕੇਂਦਰ ਦੇ ਲਈ $150 ਮਿਲੀਅਨ ਤੱਕ ਦੀ ਵਚਨਬੱਧਤਾ ਕੀਤੀ ਸੀ।

ਟੋਰੋਂਟੋ ਗਲੋਬਲ (Toronto Global) ਦੇ ਨਾਲ ਭਾਈਵਾਲੀ ਵਿੱਚ ਪੇਸ਼ ਕੀਤੀ, ਇੱਕ ਦੂਜੇ ਅਮਾਜ਼ੋਨ (Amazon) ਹੈੱਡਕੁਆਰਟਰਾਂ ਲਈ ਬ੍ਰੈਂਪਟਨ ਦੀ ਨੀਲਾਮੀ ਕਾਰਨ ਅਮਾਜ਼ੋਨ ਦਾ ਨਾਮ ਸੰਖੇਪ ਸੂਚੀ ਵਿੱਚ ਆਇਆ।

ਨਵੇਂ ਪੀਲ ਮੈਮੋਰੀਅਲ ਸੈਂਟਰ (Peel Memorial Centre) ਦਾ ਫੇਜ 1, 2017 ਵਿੱਚ ਪੂਰਾ ਹੋ ਗਿਆ ਸੀ। ਸਥਾਨਕ ਅਤੇ ਖੇਤਰੀ ਬੱਚਿਆਂ ਅਤੇ ਨੌਜਵਾਨਾਂ ਦੀ ਸਿਹਤ ਸਬੰਧੀ ਦੇਖਭਾਲ ਵਿੱਚ $60 ਮਿਲੀਅਨ ਦੇ ਨਿਵੇਸ਼ ਨੂੰ ਪ੍ਰਦਰਸ਼ਿਤ ਕਰਦੇ ਹੋਏ, ਐਰਿਨਓਕਕਿਡਸ ਸੈਂਟਰ ਫਾਰ ਟ੍ਰੀਟਮੈਂਟ ਐਂਡ ਡੈਵਲੈਪਮੈਂਟ (ErinoakKids Centre for Treatment and Development) ਇਸ ਸਾਲ ਦੀ ਬਸੰਤ ਰੁੱਤ ਵਿੱਚ ਖੁੱਲ੍ਹ ਗਿਆ ਸੀ।

"ਇਹ ਰੋਮਾਂਚਕ ਸਮਾਂ ਹੈ", ਮੇਅਰ ਜੈਫਰੀ (Jeffrey) ਨੇ ਕਿਹਾ। ਉਹਨਾਂ ਨੇ ਅੱਗੇ ਕਿਹਾ, "ਬ੍ਰੈਂਪਟਨ ਸਫਲ ਭਵਿੱਖ ਅਤੇ ਮਜ਼ਬੂਤ ਆਰਥਿਕ ਵਾਧੇ ਲਈ ਤਿਆਰ ਹੈ।"

**ਸਮੀਖਿਆ 2017 ਦੀਆਂ ਸੁਰਖੀਆਂ:**

- ਖੇਤਰੀ ਬੇਰੋਜ਼ਗਾਰੀ ਦਰ, ਦਸੰਬਰ 2016 ਵਿੱਚ 7.1 ਪ੍ਰਤੀਸ਼ਤ ਤੋਂ ਦਸੰਬਰ 2017 ਵਿੱਚ 5.7 ਪ੍ਰਤੀਸ਼ਤ ਤੱਕ ਲਗਾਤਾਰ ਘਟੀ ਹੈ।
- ਬ੍ਰੈਂਪਟਨ ਨੂੰ ਨਿਵੇਸ਼ ਵਿੱਚ $1.4 ਬਿਲੀਅਨ ਤੋਂ ਵੱਧ ਪੈਦਾ ਕਰਨ ਲਈ, 2017 ਵਿੱਚ ਕੁੱਲ ਉਸਾਰੀ ਮੁੱਲ ਲਈ ਦੇਸ਼ ਵਿੱਚ 10ਵਾਂ ਦਰਜਾ ਪ੍ਰਾਪਤ ਹੋਇਆ ਸੀ।
- ਰਿਹਾਇਸ਼ੀ ਉਸਾਰੀ 2017 ਵਿੱਚ ਲਗਭਗ 3,000 ਰਿਹਾਇਸ਼ੀ ਯੂਨਿਟਾਂ ਬਣਾਉਣ ਦੇ ਨਾਲ, ਕੁੱਲ $1 ਦਾ ਖ਼ਰਚ ਕੀਤਾ ਗਿਆ।
- ਬ੍ਰੈਂਪਟਨ 63,000 ਤੋਂ ਵੱਧ ਕਾਰੋਬਾਰੀਆਂ ਦਾ ਘਰ ਹੈ, ਜਿਹਨਾਂ ਵਿੱਚੋਂ 280 ਕਾਰੋਬਾਰੀ 100 ਤੋਂ ਵੱਧ ਲੋਕਾਂ ਨੂੰ ਨੌਕਰੀ ਦਿੰਦੇ ਹਨ
- 2017 ਵਿੱਚ, ਨਵੀਂ ਵਿਵਸਾਇਕ ਉਸਾਰੀ ਦੇ ਨਾਲ ਵਿਵਸਾਇਕ ਇਨਵੈਂਟਰੀ ਵਿੱਚ 410,000 ਵਰਗ ਫੁੱਟ ਦਾ ਖਾਲੀ ਫਰਸ਼ ਸ਼ਾਮਲ ਕੀਤਾ ਗਿਆ ਸੀ। 28 ਰਿਟੇਲ ਵਿਸਤਾਰਾਂ ਦੀ ਉਸਾਰੀ ਸ਼ੁਰੂ ਕੀਤੀ ਗਈ ਸੀ।
- 4,500 ਉੱਦਮੀਆਂ ਨੇ ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre) ਵੱਲੋਂ ਆਯੋਜਿਤ ਕੀਤੇ ਗਏ ਸੈਮੀਨਾਰਾਂ ਅਤੇ ਕਾਰਜਕਰਮਾਂ ਵਿੱਚ ਹਿੱਸਾ ਲਿਆ।
- ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ ਨੇ ਬ੍ਰੈਂਪਟਨ ਦੇ ਉੱਦਮੀਆਂ ਨੂੰ ਸੂਬਾਈ ਫੰਡਿੰਗ ਵਿੱਚ $155,000 ਸਪੁਰਦ ਕੀਤੇ।
- 275,653 ਲੋਕ ਬ੍ਰੈਂਪਟਨ ਵਿੱਚ 505 ਪੇਸ਼ਕਾਰੀ ਕਲਾ (ਪਰਫੌਰਮਿੰਗ ਆਰਟਸ) ਕਾਰਜਕਰਮਾਂ ਵਿੱਚ ਸ਼ਾਮਲ ਹੋਏ।
- 595,516 ਲੋਕਾਂ ਨੇ 13 ਤਿਓਹਾਰਾਂ ਅਤੇ ਖ਼ਾਸ ਕਾਰਜਕਰਮਾਂ ਵਿੱਚ ਹਿੱਸਾ ਲਿਆ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca